# ਤੱਥ ਸ਼ੀਟ: ਔਰਤਾਂ ਵਿਰੁੱਧ ਹਿੰਸਾ ਨੂੰ ਰੋਕਣ ਲਈ ਲਿੰਗਕ ਸਮਾਨਤ ਦੀ ਮਹੱਤਤਾ

ਖੋਜ ਨੇ ਦਿਖਾਇਆ ਹੈ ਕਿ ਔਰਤਾਂ ਅਤੇ ਆਦਮੀਆਂ ਵਿੱਚਕਾਰ ਜ਼ਿਆਦਾ ਸਮਾਨਤਾ ਵਾਲੇ ਦੇਸ਼ਾਂ ਵਿੱਚ ਔਰਤਾਂ ਵਿਰੁੱਧ ਘੱਟ ਪੱਧਰ ਦੀ ਹਿੰਸਾ ਹੁੰਦੀ ਹੈ।

ਅਸੀਂ ਵਿਅਕਤੀਆਂ ਦੇ ਤੌਰ ਤੇ, ਆਪਣੇ ਭਾਈਚਾਰਿਆਂ ਵਿੱਚ ਅਤੇ ਆਪਣੇ ਸਮਾਜ ਵਿੱਚ ਜ਼ਿਆਦਾ ਖੁਲ੍ਹੇ ਤਰੀਕੇ ਨਾਲ ਲਿੰਗਕ ਅਸਮਾਨਤਾ ਨੂੰ ਸੰਬੋਧਿਤ ਕਰ ਸਕਦੇ ਹਾਂ।

| | ਉਦਾਹਰਨਾਂ |
|---|---|
| **ਵਿਅਕਤੀ** | • ਲਿੰਗਕ ਰੂੜ੍ਹੀਵਾਦ ਵਿਰੁੱਧ ਬੋਲਣਾ<br>• ਉਨ੍ਹਾਂ ਵਤੀਰਿਆਂ ਨੂੰ ਚੁਣੌਤੀ ਦੇਣੀ ਜੋ ਔਰਤਾਂ ਵਿਰੁੱਧ ਆਦਮੀ ਦੀ ਹਿੰਸਾ ਦਾ ਸਮਰਥਨ ਕਰਦੇ ਹਨ<br>• ਆਦਰਯੋਗ ਰਿਸ਼ਤਿਆਂ ਨੂੰ ਪ੍ਰੋਤਸਾਹਿਤ ਕਰਨਾ। |
| **ਭਾਈਚਾਰਾ** | • ਫੈਸਲਾ-ਲੈਣ ਵਾਲੇ ਅਹੁਦਿਆਂ ਤੇ ਔਰਤਾਂ ਨੂੰ ਸ਼ਾਮਲ ਕਰਨਾ।<br>• ਲੀਡਰਸ਼ਿਪ ਵਾਲੇ ਅਹੁਦਿਆਂ ਵਿਚ ਔਰਤਾਂ ਨੂੰ ਸ਼ਾਮਲ ਕਰਨਾ। |
| **ਸਮਾਜ** | • ਉਨ੍ਹਾਂ ਸਰੂਪਾਂ ਅਤੇ ਅਭਿਆਸਾਂ ਵਿੱਚ ਬਦਲਾਵਾਂ ਦਾ ਸਮਰਥਨ ਕਰਨਾ ਜੋ ਔਰਤਾਂ ਲਈ ਅਸਮਾਨ ਹਨ। |


ਸਰੋਤ:

United Nations Development Fund for Women. (ਔਰਤਾਂ ਲਈ ਯੂਨਾਈਟਿਡ ਨੇਸ਼ਨਸ ਡਿਵਲਪਮੈਂਟ ਫੰਡ)। (ਅਣਜਾਣ)। *Investing in gender equality: Ending violence against women and girls.*(ਲਿੰਗਕ ਸਮਾਨਤਾ ਵਿੱਚ ਜਾਂਚ: ਔਰਤਾਂ ਅਤੇ ਲੜਕੀਆਂ ਵਿਰੁੱਧ ਹਿੰਸਾ ਨੂੰ ਖਤਮ ਕਰਨਾ)। www.endvawnow.org/uploads/browser/files/genderequality_vaw_leaflet_en_web.pdf ਤੋਂ ਪ੍ਰਾਪਤ ਕੀਤਾ



ਇਹ ਸਰੋਤ CHALLENGE Family Violence ਪ੍ਰੋਜੈਕਟ (ਪਰਿਵਾਰਕ ਹਿੰਸਾ ਨੂੰ ਚੁਣੌਤੀ ਦੇਣ ਦੇ ਪ੍ਰੋਜੈਕਟ) ਦੇ ਹਿੱਸੇ ਵਜੋਂ ਬਣਾਇਆ ਗਿਆ ਹੈ, ਜੋ ਕਿ City of Casey, Cardinia Shire Council, City of Greater Dandenong ਅਤੇ Monash Health ਵਿਚਕਾਰ ਭਾਗੀਦਾਰੀ ਹੈ। ਇਸ ਪ੍ਰੋਜੈਕਟ ਨੂੰ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਵਿਰੁੱਧ ਹਿੰਸਾ ਨੂੰ ਘਟਾਉਣ ਲਈ ਗ੍ਰਾਂਟਾਂ ਦੇ ਪ੍ਰੋਗਰਾਮ ਤੋਂ ਵਿੱਤੀ ਸਹਾਇਤਾ ਮਿਲੀ ਹੈ, ਜੋ ਕਿ Victorian Government's Community Crime Prevention Program (ਵਿਕਟੋਰੀਅਨ ਸਰਕਾਰ ਦਾ ਜ਼ੁਰਮ ਨੂੰ ਰੋਕਣ ਲਈ ਪ੍ਰੋਗਰਾਮ) ਦਾ ਹਿੱਸਾ ਹੈ – ਸਥਾਨਕ ਜ਼ੁਰਮ ਨੂੰ ਰੋਕਣ ਦੇ ਮੁੱਦਿਆਂ ਲਈ ਸਥਾਨਕ ਹੱਲ।